# JIYA LAL MITTAL DAV PUBLIC SCHOOL

**GRADE – VI SA-I Exam (Sept, 2015)**

**SUBJECT – PUNJABI**

**TIME:3hrs MM: 90**

ਨੋਟ - ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।
ਪੇਪਰ ਸਾਫ਼ ਤੇ ਸੁੰਦਰ ਲਿਖਾਈ ਵਿੱਚ ਹੱਲ ਕਰੋ ।

<u>ਭਾਗ-ੳ</u>

1) ਹੇਠ ਲਿਖੀਆਂ ਕਾਵਿ-ਸਤਰ੍ਹਾਂ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :- (5)

ਹਿੰਦੂ , ਮੁਸਲਿਮ, ਸਿੱਖ , ਇਸਾਈ,
ਸਾਰੇ ਹਾਂ ਅਸੀਂ ਭਾਈ-ਭਾਈ,
ਸਾਰੇ ਕੱਠੇ ਖ਼ੂਨ ਡੋਲ੍ਹਦੇ,
ਜੈ ਹਿੰਦ ਦਾ ਨਾਹਰਾ ਨੇ ਬੋਲਦੇ ।
ਭਗਤ, ਸਰਾਭੇ, ਸੁਭਾਸ਼ ਪਿਆਰੇ ,
ਇਸ ਦੀਆਂ ਨੇ ਅੱਖਾਂ ਦੇ ਤਾਰੇ ।
ਗਾਂਧੀ ਵੀਰ ਜਵਾਹਰ ਲਾਲ,
ਕੱਟੀਆਂ ਜੇਲ੍ਹਾਂ ਸਾਲੋ-ਸਾਲ ।

(ੳ) ਭਾਈ-ਭਾਈ ਬਣ ਕੇ ਕੌਣ ਰਹਿੰਦੇ ਹਨ?
(ਅ) ਸਾਰੇ ਇਕੱਠੇ ਹੋ ਕੇ ਕਿਹੜਾ ਨਾਹਰਾ ਬੋਲਦੇ ਹਨ?
(ੲ) ਭਾਰਤ ਮਾਂ ਦੀਆਂ ਅੱਖਾਂ ਦੇ ਤਾਰੇ ਕੌਣ-ਕੌਣ ਹਨ ?
(ਸ) ਜੇਲ੍ਹਾਂ ਵਿੱਚ ਕੌਣ ਬੰਦ ਹੋਏ ?
(ਹ) ਉਪਰੋਕਤ ਕਵਿਤਾ ਦਾ ਨਾਂ ਕੀ ਹੈ ?

(ਅ) 'ਫ਼ਲ ਖਾਓ, ਸਿਹਤ ਬਣਾਓ' ਕਵਿਤਾ ਦਾ ਸਾਰ ਲਿਖੋ। (5)

2) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ਼ ਦੇ ਉੱਤਰ ਵਿਸਥਾਰ ਨਾਲ ਲਿਖੋ ।
(ੳ) ਰਾਜੇ ਨੇ ਐਲਾਨ ਕਰਦਿਆਂ ਕਿਹੜੇ ਸ਼ਬਦ ਕਹੇ ?
(ਅ) ਬੁੱਢਾ ਬਾਬਾ ਸਹਾਰੇ ਦੀ ਭਾਲ ਕਿਉ ਕਰ ਰਿਹਾ ਸੀ?
(ੲ) ਅੰਗਰੇਜਾਂ ਨੇ ਭਾਰਤੀਆਂ ਨੂੰ ਦਬਾਉਣ ਲਈ ਕੀ-ਕੀ ਕੀਤਾ ?

(ਸ) ਬੱਚਿਆਂ ਅਨੁਸਾਰ ਭਗਵਾਨ ਕੌਣ ਹੁੰਦੇ ਹਨ ਤੇ ਉਹ ਕਿੱਥੇ ਰਹਿੰਦੇ ਹਨ?
(ਹ) ਗੁਰੂ ਜੀ ਨੇ ਲੋਕਾਂ ਨੂੰ ਕੀ ਸੰਦੇਸ਼ ਦਿੱਤਾ? ਉਨ੍ਹਾਂ ਦੇ ਸੰਦੇਸ਼ ਦਾ ਲੋਕਾਂ ਤੇ ਕੀ ਅਸਰ ਹੋਇਆ ?
(ਕ) ਸੱਜਣ ਧਰਮਸ਼ਾਲਾ ਵਿੱਚ ਆਏ ਮੁਸਾਫ਼ਰਾਂ ਨਾਲ ਕੀ ਵਰਤਾਓ ਕਰਦਾ ਸੀ?
(ਖ) ਮਰਦਾਨਾ ਕੌਣ ਸੀ ਤੇ ਉਹ ਕਿਹੜਾ ਸਾਜ ਵਜਾਉਂਦਾ ਸੀ ?

**(5X2=10)**

**3) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ:**

(ੳ) ਮਹਾਰਾਜੇ ਨੇ ਲੋਕਾਂ ਦੀ ਪੁਕਾਰ ਸੁਣਕੇ ਕੀ ਕੀਤਾ ?
(ਅ) ਗੁਰੂ ਤੇਗ ਬਹਾਦਰ ਜੀ ਦੇ ਮਾਤਾ-ਪਿਤਾ ਦੇ ਨਾਂ ਲਿਖੋ ।
(ੲ) ਅੱਠਵੇਂ ਗੁਰੂ ਕੌਣ ਸਨ?
(ਸ) ਮੈਡਮ ਹਰਲੀਨ ਬੱਚਿਆਂ ਨੂੰ ਕੀ ਪੜਾਉਂਦੇ ਸਨ?
(ਹ) ਭੰਗੜਾ ਕਿਹੋ ਜਿਹੇ ਗੱਭਰੂਆਂ ਦਾ ਨਾਚ ਹੈ ?
(ਕ) ਜਦ ਢੋਲ ਵੱਜਦਾ ਹੈ ਤਾਂ ਕੀ ਹੁੰਦਾ ਹੈ ?
(ਖ) ਗਿੱਧਾ 'ਤੇ ਭੰਗੜਾ ਪੰਜਾਬੀਆਂ ਦੀ ਕੀ ਹਨ?
(ਗ) ਚਾਰ ਦਿਸ਼ਾਵਾਂ ਦੇ ਨਾਂ ਲਿਖੋ ।
(ਘ) ਧਰਤੀ ਤੇ ਪਹਿਲਾਂ ਕੀ ਸੀ ?
(ਙ) ਸੂਰਜ ਕੀ ਹੈ?
(ਚ) ਧਰਤੀ ਨੂੰ ਸੂਰਜ ਦੀ ਕੀ ਆਖਦੇ ਹਨ?
(ਛ) ਅੰਨ ਦੀ ਕਮੀ ਕਿਵੇਂ ਆ ਗਈ ? **(12X1=12)**

**4) ਕੋਈ ਇੱਕ ਸਾਰ ਲਿਖੋ ।**

'ਨੇਕ ਬੰਦਾ '
ਜਾਂ
ਗੁਰੂ ਤੇਗ ਬਹਾਦੁਰ ਜੀ (5)

**5) ਸ਼ਬਦਾਂ ਦੇ ਅਰਥ ਲਿਖੋ (ਕੋਈ ਚਾਰ)**

(ੳ) ਫਰਿਸ਼ਤਾ (ਅ) ਭੇਖੀ (ੲ)ਕਰਤੂਤਾਂ
(ਸ) ਜ਼ਬਰਦਸਤੀ (ਹ) ਤਪਸ਼ (4)

**6) ਖਾਲੀ ਥਾਂਵਾਂ ਭਰੋ :-** (4)

(ੳ) ਅੱਜ ਸਾਰਾ ਦਿਨ ਚੋਥੀ ਜਮਾਤ ਵਿੱਚ ਚਰਚਾ ਦਾ ਇਹੀ _____ ਰਿਹਾ।
(ਅ) ਭੰਗੜਾ ਇੱਕ ਤਕੜੀ __________ ਵੀ ਹੈ ।
(ੲ) ਦੋ ਕੁੜੀਆਂ _______ ਦੀ ਤਾਲ ਤੇ ਗੋਲ-ਚੱਕਰ ਵਿੱਚ ਆ ਕੇ ਨੱਚਦੀਆਂ ਹਨ ।
(ਸ) ਅਸੀਂ __________ ਨਾਲ ਚਾਰੇ ਪਾਸਿਓ ਘਿਰੇ ਹੋਏ ਹਾਂ ।

## ਭਾਗ-ਅ (ਵਿਆਕਰਨ)

**7) ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ ।**

(ੳ) ਭਾਸ਼ਾ ਜਾਂ ਬੋਲੀ ਕਿੰਨੀ ਤਰ੍ਹਾਂ ਦੀ ਹੁੰਦੀ ਹੈ ?
(ਅ) ਸਾਡੀ ਅੰਤਰ ਰਾਸ਼ਟਰੀ ਭਾਸ਼ਾ ਕਿਹੜੀ ਹੈ ?
(ੲ) ਵਿਚਾਰਾਂ ਨੂੰ ਪ੍ਰਗਟ ਕਰਨ ਲਈ ਕਿਸਦੀ ਵਰਤੋਂ ਕੀਤੀ ਜਾਂਦੀ ਹੈ?
(ਸ) ਵਿਆਕਰਨ ਦੇ ਕਿੰਨੇ ਅੰਗ ਹਨ ?
(ਹ) ਭਾਸ਼ਾ ਨੂੰ ਸ਼ੁੱਧ ਬੋਲਣ, ਲਿਖਣ ਲਈ ਕਿਸਦੀ ਲੋੜ ਹੁੰਦੀ ਹੈ?

**(5X1=5)**

**8) ਲਿੰਗ ਬਦਲੋ :-** **(5)**

(ੳ) ਸਪੇਰਾ (ਅ) ਹਿਰਨ (ੲ) ਪਹਾੜ
(ਸ) ਧੋਬੀ (ਹ) ਪਤੀਲਾ

**9) ਵਚਨ ਬਦਲੋ :-** (5)

(ੳ) ਕਲਮ (ਅ) ਪੱਤਾ (ੲ) ਰਾਜਾ
(ਸ) ਲੋਕ (ਹ) ਕੋਠੀ

**10) ਨਾਂਵ ਕਿਸਨੂੰ ਆਖਦੇ ਹਨ ? ਇਸ ਦੀਆਂ ਕਿਸਮਾਂ ਲਿਖੋ ?** (5)

**11) ਵਿਰੋਧੀ ਸ਼ਬਦ ਲਿਖੋ :-** (3)

(ੳ) ਅਸਲੀ (ਅ) ਉੱਚਾ (ੲ) ਨਰਕ

**12) ਹੇਠ ਲਿਖੇ ਪੈਰ੍ਹੇ ਨੂੰ ਪੜ ਕੇ ਪ੍ਰਸ਼ਨਾਂ ਦੇ ਉਤੱਰ ਦਿਉ :** (5)

1947 ਵਿੱਚ ਦੇਸ਼ ਦੇ ਅਜ਼ਾਦ ਹੋਣ ਦੇ ਨਾਲ ਹੀ ਦੇਸ਼ ਦੀ ਵੰਡ ਹੋ ਗਈ। ਪੰਜਾਬ ਦੀ ਰਾਜਧਾਨੀ ਪਹਿਲਾਂ ਲਾਹੌਰ ਸੀ । ਫਿਰ ਇਹ ਸ਼ਹਿਰ ਪਾਕਿਸਤਾਨ ਦੇ ਹਿੱਸੇ ਆ ਗਿਆ । ਇਧਰਲੇ ਪੰਜਾਬ ਦੀ ਨਵੀਂ ਰਾਜਧਾਨੀ ਚੰਡੀਗੜ੍ਹ ਬਣਨੀ ਸ਼ੁਰੂ ਹੋਈ । ਪਾਕਿਸਤਾਨ ਵਿੱਚ ਰਹਿ ਗਏ ਇਲਾਕੇ ਵਿੱਚ ਹੀ ਸ੍ਰੀ ਨੇਕ ਚੰਦ ਦਾ ਜਨਮ 15 ਦਸੰਬਰ 1924 ਨੂੰ ਹੋਇਆ । ਉਸਦਾ ਪਰਿਵਾਰ ਉਥੋਂ ਉਜੱੜ ਕੇ ਭਾਰਤ ਆ ਗਿਆ । ਦਸਵੀਂ ਤੱਕ ਪੜੇ ਨੇਕ ਚੰਦ ਨੂੰ ਚੰਡੀਗੜ੍ਹ ਵਿੱਚ ਨੌਕਰੀ ਮਿਲ ਗਈ । ਨਵੀਂ ਬਣ ਰਹੀ ਰਾਜਧਾਨੀ ਦੇ ਨਿਰਮਾਣ ਵਾਲੇ ਮਹਿਕਮੇ ਵਿੱਚ ਨੇਕ ਚੰਦ ਦੀ ਨੌਕਰੀ 'ਰੋਡ ਇੰਸਪੈਕਟਰ' ਦੀ ਸੀ ।

(ੳ) ਭਾਰਤ ਕਦੋਂ ਅਜ਼ਾਦ ਹੋਇਆ ?
(ਅ) ਪੰਜਾਬ ਦੀ ਰਾਜਧਾਨੀ ਕਿੱਥੇ ਬਣੀ ?
(ੲ) ਨੇਕ ਚੰਦ ਦਾ ਜਨਮ ਕਦੋਂ ਹੋਇਆ ?
(ਸ) ਨੇਕ ਚੰਦ ਨੂੰ ਕਿਹੜੇ ਮਹਿਕਮੇ ਵਿੱਚ ਨੌਕਰੀ ਮਿਲੀ ?
(ਹ) ਨੇਕ ਚੰਦ ਕਿੰਨਾਂ ਪੜ੍ਹੇ ਹੋਏ ਸਨ ?

**13) ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਓ :** (5)

(ੳ) ਉੱਲੂ ਬੋਲਣੇ
(ਅ) ਇੱਟ ਕੁੱਤੇ ਦਾ ਵੈਰ
(ੲ) ਉੱਨੀ ਇੱਕੀ ਦਾ ਫ਼ਰਕ ਹੋਣਾ
(ਸ) ਗਦ-ਗਦ ਹੋਣਾ
(ਹ) ਟੱਕੇ ਜਿਹਾ ਜਵਾਬ ਦੇਣਾ

**14) ਕੋਈ ਇੱਕ ਲੇਖ ਲਿਖੋ :-** (7)

**ਮੇਰਾ ਮਨ-ਭਾਉਂਦਾ ਤਿਉਹਾਰ**
**ਜਾਂ**
**ਸਵੇਰ ਦੀ ਸੈਰ**

**15) ਕੋਈ ਇੱਕ ਕਰੋ :-** (5)

**ਪੱਤਰ** - ਮਿਤੱਰ ਨੂੰ ਪਾਸ ਹੋਣ ਦੀ ਵਧਾਈ ਲਈ ਪੱਤਰ ।
**ਜਾਂ**
**ਬਿਨੈ-ਪੱਤਰ** - ਫੀਸ ਮੁਆਫ਼ੀ ਲਈ